Sl.No. :

नामांक Roll No.

| | | | | | | |
|---|---|---|---|---|---|---|
| | | | | | | |

No. of Questions – 14

No. of Printed Pages – 07

SS-25-Punjabi Sah.

Tear here

उच्च माध्यमिक परीक्षा, 2017

# SENIOR SECONDARY EXAMINATION, 2017

## PUNJABI SAHITYA

**Time : 3 1/4 Hours**
**Maximum Marks : 80**

प्रश्न पत्र को खोलने के लिए यहाँ फाड़ें
TEAR HERE TO OPEN THE QUESTION PAPER

## ਪ੍ਰੀਖਿਆਰਥੀਆਂ ਲਈ ਆਮ ਹਦਾਇਤਾਂ :

1. ਸਭ ਤੋਂ ਪਹਿਲਾਂ ਪ੍ਰੀਖਿਆਰਥੀ ਆਪਣੇ ਪ੍ਰਸ਼ਨ-ਪੱਤਰ 'ਤੇ ਆਪਣਾ ਰੋਲ ਨੰਬਰ ਜ਼ਰੂਰ ਲਿਖੋ

2. ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।

3. ਹਰ ਇੱਕ ਪ੍ਰਸ਼ਨ ਦਾ ਉੱਤਰ ਦਿੱਤੀ ਉੱਤਰ-ਪੁਸਤਿਕਾ 'ਤੇ ਹੀ ਲਿਖੋ ।

4. ਜਿਨ੍ਹਾਂ ਪ੍ਰਸ਼ਨਾਂ ਦੇ ਇੱਕ ਤੋਂ ਵੱਧ ਸਾਮਾਨ ਅੰਗ ਵਾਲੇ ਭਾਗ ਹਨ, ਉਨ੍ਹਾਂ ਸਾਰਿਆਂ ਭਾਗਾਂ ਦਾ ਹੱਲ ਇਕ ਥਾਂ 'ਤੇ ਇੱਕ ਹੀ ਤਰਤੀਬ ਵਿੱਚ ਲਿਖੋ ।

5. ਪ੍ਰਸ਼ਨ ਸੰਖਿਆ 4, 8, ਤੋਂ 10 ਅਤੇ 14 ਵਿੱਚ ਆਂਤਰਿਕ ਵਿਕੱਲਪ ਹੈ ।

यहाँ से काटिए

1) ਪੰਜਾਬੀਆਂ ਨੂੰ ਵੀਰਤਾ ਦੀ ਰੁਚੀ ਵਿਰਾਸਤ ਵਿੱਚ ਮਿਲੀ ਹੈ । ਸ਼ੁਰੂ ਤੋਂ ਹੀ ਇਹਨਾਂ ਨੂੰ ਭਾਰਤ ਉੱਤੇ ਧਾਵਾ ਕਰਨ ਆਏ ਧਾੜਵੀਆਂ ਨਾਲ ਲੋਹਾ ਲੈਣਾ ਪਿਆ ਹੈ । ਪਰਦੇਸੀ ਧਾੜਵੀਆਂ ਦੀ ਈਨ ਮੰਨਣੋਂ ਇਨਕਾਰੀ ਪੰਜਾਬੀ ਦੀ ਅਣਖ ਰੋਹ ਵਿੱਚ ਆ ਕੇ ਰਣ-ਭੂਮੀ ਵਿੱਚ ਵੀਰਤਾ ਦੇ ਹੱਥ ਵਿਖਾਉਂਦੀ ਰਹੀ । ਯੂਨਾਨੀਆਂ ਦੇ ਕਾਲ ਤੋਂ ਲੈ ਕੇ ਅੰਗਰੇਜ਼ੀ ਰਾਜ ਦੀ ਸਥਾਪਤੀ ਤੱਕ ਪੰਜਾਬੀਆਂ ਨੂੰ ਆਪਣੇ ਵੈਰੀਆਂ ਵਿਰੁੱਧ ਬੇਅੰਤ ਵਾਰ ਤੇਗਾ ਵਾਹੁਣੀਆਂ ਪਈਆਂ ਹਨ । 'ਪੰਜਾਬ ਦੇ ਜਾਇਆਂ ਨੂੰ ਨਿੱਤ ਮੁਹਿੰਮਾਂ' ਕਹਾਵਤ ਇਸ ਗੱਲ ਦੀ ਗਵਾਹੀ ਦਿੰਦੀ ਹੈ । ਪੰਜਾਬੀ ਲੋਕ-ਗੀਤ ਵੀ ਪੰਜਾਬੀਆਂ ਦੀ ਹਜ਼ਾਰਾਂ ਵਰ੍ਹਿਆਂ ਤੋਂ ਤੁਰੀ ਆ ਰਹੀ ਵੀਰ-ਪਰੰਪਰਾ ਨੂੰ ਸਾਂਭੀ ਤੁਰੀ ਆ ਰਹੇ ਹਨ । ਇਹਨਾਂ ਵਿੱਚ ਪੰਜਾਬੀ ਨਾਇਕ ਦੇਸ਼ ਦੀ ਰੱਖਿਆ ਲਈ ਨਿੱਤ ਨਵੀਆਂ ਮੁਹਿੰਮਾਂ ਵੱਲ ਜਾਂਦੇ ਨਜ਼ਰ ਆਉਂਦੇ ਹਨ । **[5 × 2 = 10]**

ੳ) ਉਪਰੋਕਤ ਪੈਰ੍ਹੇ ਦਾ ਢੁਕਵਾਂ ਸਿਰਲੇਖ ਦਿਓ ।
ਅ) 'ਪੰਜਾਬ ਦੇ ਜਾਇਆਂ ਨੂੰ ਨਿੱਤ ਮੁਹਿੰਮਾਂ ਕੀ ਹੈ ?
ੲ) ਪੰਜਾਬੀ ਕਿੰਨ੍ਹਾਂ ਦੀ ਈਨ ਨਹੀਂ ਸੀ ਮੰਨਦੇ ?
ਸ) ਪੰਜਾਬੀਆਂ ਨੂੰ ਵੀਰਤਾ ਦੀ ਰੁਚੀ ਕਿੱਥੋ ਮਿਲੀ ਹੈ ?
ਹ) ਪੰਜਾਬੀਆਂ ਦੀ ਵੀਰਤਾ ਦਾ ਜ਼ਿਕਰ ਉਪਰੋਕਤ ਪੈਰ੍ਹੇ ਅਨੁਸਾਰ ਕਿਸਨੇ ਸਾਂਭਿਆ ਹੈ ?

2) **ਹੇਠ ਦਿੱਤੇ ਕਿਸੇ ਇੱਕ ਵਿਸ਼ੇ ਉੱਪਰ ਲੇਖ ਲਿਖੋ :-** **[10]**
ੳ) ਪੰਜਾਬੀ ਦੇ ਲੋਕ ਗੀਤ ।
ਅ) ਵਧ ਰਹੀ ਨਸ਼ਾਖ਼ੋਰੀ ਦੀ ਸਮੱਸਿਆ ।
ੲ) ਦੇਸ਼ ਪਿਆਰ ।
ਸ) ਵਿੱਦਿਅਕ ਯਾਤਰਾ ਦਾ ਵਰਨਣ ।
ਹ) ਅੱਖੀਂ ਡਿੱਠਾ ਮੇਲਾ ।

3) **ਹੇਠਾਂ ਦਿੱਤੇ ਕਿਸੇ ਇੱਕ ਵਿਸ਼ੇ ਉੱਪਰ ਕਹਾਣੀ-ਰਚਨਾ ਕਰੋ :-** **[5]**
ੳ) ਲਾਲਚ ਬੁਰੀ ਬਲਾ ।
ਅ) ਹਾਥੀ ਅਤੇ ਦਰਜ਼ੀ ।
ੲ) ਕਰ ਭਲਾ, ਹੋ ਭਲਾ ।

4) ਅਖ਼ਬਾਰ ਦੇ ਸੰਪਾਦਕ ਨੂੰ ਸਕੂਲ ਵਿੱਚ ਮਨਾਏ ਗਏ ਸਵਤੰਤਰਤਾ ਸਮਾਰੋਹ ਸਬੰਧੀ ਪ੍ਰੈੱਸ ਨੋਟ ਲਿਖੋ। **[1+3+1=5]**

(ਜਾਂ)

ਅਖ਼ਬਾਰ ਦੇ ਸੰਪਾਦਕ ਨੂੰ ਤੁਹਾਡੇ ਪਿੰਡ ਵਿੱਚ ਫੈਲੀ ਹੋਈ ਗੰਦਗੀ ਦਾ ਜ਼ਿਕਰ ਕਰਦੇ ਹੋਏ, ਉਸਤੋਂ ਫੈਲਣ ਵਾਲੀਆਂ ਬਿਮਾਰੀਆਂ ਸੰਬੰਧੀ ਪ੍ਰੈੱਸ ਨੋਟ ਲਿਖੋ ।

5) ੳ) ਕਿਸੇ ਕੇ ਮੁਹਾਵਰਿਆਂ ਦਾ ਅਰਥ ਦੱਸ ਕੇ ਵਾਕ ਬਣਾਓ :- [1+1=2]

i) ਉਸਤਾਦੀ ਕਰਨੀ ।

ii) ਅੱਖਾਂ ਫੇਰ ਲੈਣੀਆਂ ।

iii) ਸਿਰ ਦੇਣਾ ।

iv) ਇੱਟ ਘੜੇ ਦਾ ਵੈਰ ।

ਅ) ਕਿਸੇ ਤਿੰਨ ਅਖਾਣਾਂ ਦਾ ਅਰਥ ਦੱਸ ਕੇ ਵਾਕ ਬਣਾਓ :- [1+1+1=3]

i) ਹੱਸਦਿਆਂ ਦੇ ਘਰ ਵੱਸਦੇ ।

ii) ਸਹਿਜ ਪਕੇ ਸੋ ਮੀਠਾ ਹੋਵੇ ।

iii) ਉੱਦਮ ਅੱਗੇ ਲੱਛਮੀ ਪੱਖੇ ਅੱਗੇ ਪੌਣ ।

iv) ਹਾੜ੍ਹ ਮੁੱਕੇ ਨਾ ਸਾਉਣ ਹਰੇ ।

v) ਕੁੱਜੇ ਵਿਚ ਸਮੁੰਦਰ ।

6) ਵਿਸ਼ਰਾਮ ਚਿੰਨ੍ਹ ਲਾ ਕੇ ਲਿਖੋ :- [1+1+1=3]

i) ਰਾਜਪਾਲ ਕਿਸਦਾ ਬੇਟਾ ਹੈ

ii) ਇਕ ਕਮਲੀ ਦੂਜਾ ਪੈ ਗਈ ਸਿਵਿਆਂ ਦੇ ਰਾਹ

iii) ਹੈਂ ਐਨਾ ਰਨੇਟ

7) ੳ) ਹੇਠ ਲਿਖੇ ਵਾਕਾਂ ਦੀ ਵਾਕ ਵੰਡ ਕਰੋ :- [1+1+1=3]

i) ਅਮਨਦੀਪ ਸਿੰਘ ਖੇਡਦਾ ਹੈ । (ਵਾਕ ਵਿਚੋਂ ਕਿਰਿਆ ਦੱਸੋ ।)

ii) ਗੁਰਨੀਤ ਬੀ.ਏ. ਵਿੱਚ ਪੜ੍ਹਦਾ ਹੈ । (ਵਾਕ ਵਿਚੋਂ ਕਰਤਾ ਦੱਸੋ ।)

iii) ਬੱਚੇ ਫੁੱਟਬਾਲ ਖੇਡਦੇ ਹਨ । (ਵਾਕ ਵਿਚੋਂ ਕਰਮ ਦੱਸੋ ।)

ਅ) ਅਸ਼ੁੱਧ ਵਾਕਾਂ ਤੋਂ ਸ਼ੁੱਧ ਵਾਕ ਬਣਾਓ :- [1+1=2]

i) ਕਿਤਾਬਾਂ ਪਾਟ ਗਈ ।

ii) ਬੱਚੀਆਂ ਗਾ ਰਹੇ ਹਨ ।

ੲ) ਪਦ-ਕਰਮ ਸਹੀ ਕਰੋ :- [1+1=2]

i) ਮੈਂਨੇ ਸ਼ਿਮਲਾ ਜਾਣਾ ਹੈ ।

ii) ਕੁੱਤਾ ਰਿਹਾ ਹੈ ਭੌਂਕ ਭਿਖਾਰੀ ਨੂੰ ।

8) ਹੇਠ ਲਿਖੇ ਕਾਵਿ-ਬੰਦਾਂ ਵਿਚੋਂ ਕਿਸੇ ਇੱਕ ਨਾਲ ਸੰਬੰਧਿਤ ਪ੍ਰਸ਼ਨਾ ਦੇ ਉੱਤਰ ਦਿਓ :- **[1+1+1+1=4]**

ੳ) ਧੌਲ ਤਾਂ ਖਦਿਆ
ਥਕ ਦੇ ਬਹਿ ਗਿਆ
ਧਰਮ ਨੀ ਹਾਰਿਆ,
ਪੰਖ ਲਾ ਉਡ ਗਿਆ
ਧੀਆਂ ਨੂੰ ਥੱਕਣ ਦੀ
ਪੰਖ ਲਾ ਉੱਡਣ ਦੀ
ਜਾਚ ਹੀ ਨਹੀਂ ਹੈ

i) ਉਪਰੋਕਤ ਕਾਵਿ ਸਤਰਾਂ ਦੇ ਕਵੀ ਦਾ ਨਾਂ ਦੱਸੋ ।

ii) ਉਪਰੋਕਤ ਕਾਵਿ ਪੰਕਤੀਆਂ ਕਿਸ ਕਵਿਤਾ ਵਿੱਚੋ ਲਈਆਂ ਗਈਆਂ ਹਨ ।

iii) ਧਰਮ ਦੇ ਪੰਖ ਲਾ ਉੱਡਣ ਤੋਂ ਦੀ ਭਾਵ ਹੈ ?

iv) ਇਹਨਾਂ ਸਤਰਾਂ ਦੀ ਸੁਰ ਕਿ ਹੋ ਜਿਹੀ ਹੈ ?

ਅ) ਊਧੋ! ਕਾਹਨ ਦੀ ਗੱਲ ਸੁਣਾ ਮਾਨੂੰ
ਕਾਹਨੂੰ ਚਿਣਗ ਚੁਆਤੀਆਂ ਲਾਈਆਂ ਨੀ
ਮਸਾਂ ਮਸਾਂ ਸਨ ਆਠਰਨ ਘਾਉ ਲਗੇ
ਨਵੀਆਂ ਨਸ਼ਤਰਾਂ ਆਣ ਚਲਾਈਆਂ ਨੇ
ਅਸੀਂ ਕਾਲਜਾ ਘੁੱਟ ਬਹਿ ਗਏ ਮਾਂ
ਮੁੜ ਕੇ ਸੁੱਤੀਆਂ ਕਲਾਂ ਜਗਾਈਆਂ ਨੀ

i) ਉਪਰੋਕਤ ਕਾਵਿ ਸਤਰਾਂ ਦੇ ਕਵੀ ਦਾ ਨਾਂ ਦੱਸੋ ।

ii) ਉਪਰੋਕਤ ਕਾਵਿ ਪੰਗਤੀਆਂ ਕਿਸ ਕਵਿਤਾ ਵਿੱਚੋਂ ਲਈਆਂ ਗਈਆਂ ਹਨ ।

iii) 'ਸੁੱਤੀਆਂ ਕਲਾਂ ਜਗਾਈਆਂ ਨੀ' ਸਤਰ ਦਾ ਅਰਥ ਲਿਖੋ ।

iv) 'ਊਧੋ ! ਕਾਹਨ ਦੀ ਗੱਲ ਸੁਣਾ ਸਾਨੂੰ' ਪੰਕਤੀ ਵਿੱਚ ਊਧੋ ਨੂੰ ਕੌਣ ਸੰਬੋਧਨ ਕਰ ਰਿਹਾ ਹੈ?

9) ਕਿਸੇ ਇੱਕ ਕਾਵਿ-ਅੰਸ਼ ਦੇ ਅੰਤ ਵਿੱਚ ਦਿੱਤੇ ਪ੍ਰਸ਼ਨਾ ਦੇ ਉੱਤਰ ਦਿਓ :- [2+2+2=6]

ੳ) ਅੱਧੀ ਅੱਧੀ ਰਾਤੀ
ਉੱਠ ਰੋਣ ਮੋਏ ਮਿੱਤਰਾਂ ਨੂੰ
ਮਾਏ ਸਾਨੂੰ ਨੀਂਦ ਨਾ ਪਵੇ ।
ਭੇਂ ਭੇਂ ਸੁਗੰਧੀਆਂ'ਚ
ਬੰਨ੍ਹਾਂ ਫੇਹੇ ਚਾਨਣੀ ਦੇ
ਤਾਂ ਵੀ ਸਾਡੀ ਪੀੜ ਨਾ ਸਵੇ ।
ਕੋਸੇ ਕੋਸੇ ਸਾਹਾਂ ਦੀ
ਮੈਂ ਕਰਾਂ ਜੇ ਟਕੋਰ ਮਾਏ,
ਸਗੋਂ ਸਾਨੂੰ ਖਾਣ ਨੂੰ ਪਵੇ ।

i) ਕਵੀ ਦੇ ਗੀਤਾਂ ਦੇ ਨੈਣਾਂ ਵਿੱਚ ਕਾਹਦੀ ਰੜ੍ਹਕ ਪੈਂਦੀ ਹੈ ?
ii) ਬਿਰਹਾ ਅੱਧੀ-ਅੱਧੀ ਰਾਤ ਨੂੰ ਉੱਠ ਕੇ ਕੀ ਕਰਦਾ ਹੈ ?
iii) ਉਪਰੋਕਤ ਸਤਰਾਂ ਦਾ ਭਾਵ ਬਿਆਨ ਕਰੋ ।

ਅ) ਔਹ ਜਾ ਰਹੀ ਡਾਰ ਪੰਛੀਆਂ ਦੀ,
ਜੇ ਮੁੜ ਕੇ ਆਈ, ਤਾਂ ਕੀ ਕਹੇਗੀ ।
ਇਹ ਮੁੜ ਜਾਏਗੀ ਉਦਾਸ ਹੋ ਕੇ,
ਨਾ ਮੈਂ ਮਿਲਾਂਗਾ, ਨਾ ਇਹ ਬਹੇਗੀ
ਇਹ ਸਾਥ ਮੇਰੇ ਨੂੰ ਟੋਲਦੀ ਹੀ,
ਫਿਜ਼ਾ'ਚ ਭੌਂਦੀ ਸਦਾ ਰਹੇਗੀ ।

i) ਪੰਛੀਆਂ ਦੀ ਡਾਰ ਉਦਾਸ ਹੋ ਕੇ ਕਿਉਂ ਵਾਪਸ ਪਰਤ ਜਾਵੇਗੀ ?
ii) ਇਹ ਪੰਛੀਆਂ ਦੀ ਡਾਰ ਕੀ ਭਾਲਦੀ ਰਹੇਗੀ ?
iii) ਉਪਰੋਕਤ ਸਤਰਾਂ ਦਾ ਭਾਵ ਬਿਆਨ ਕਰੋ ।

10) ਕਿਸੇ ਇੱਕ ਵਾਰਤਕ ਅੰਸ਼ ਨਾਲ ਸੰਬੰਧਿਤ ਪ੍ਰਸ਼ਨਾਂ ਦੇ ਉੱਤਰ ਦਿਓ :- [1½+1½+1½+1½=6]

ੳ) ਹੈਂ ! ਇਹ ਤੇ ਕੁੜੀਆਂ ਸਨ, ਦੁਪੱਟੇ ਹਿਠਾਂ ਲਸਕ ਰਹੇ ਸਨ । ਇਹ ਇਸ ਵੇਲੇ ਸਾਈਕਲ ਲੈ ਕੇ ਪੜ੍ਹੀਆਂ ਏਥੇ ਕੀ ਕਰ ਰਹੀਆਂ ਨੇ ? ਕਿਧਰੇ ਜਾਣਾ ਹੋਵੈਂ ।

i) ਉਪਰੋਕਤ ਵਾਕ ਕਿਸਨੇ ਕਹੇ ?
ii) ਹੈਰਾਨ ਕੌਣ ਅਤੇ ਕਿਉਂ ਹੈ ?
iii) ਸਾਈਕਲ ਲੈ ਕੇ ਕੌਣ ਖੜ੍ਹਾ ਸੀ ?
iv) ਕਹਾਣੀ ਅਤੇ ਕਹਾਣੀਕਾਰ ਦਾ ਨਾਂ ਦੱਸੋ ।

ਅ) "ਕਾਗਤਾਂ ਨੂੰ ਕਾਹਦੇ ਖੰਭ ? ਖੰਭ ਤਾਂ ਜਨੌਰ ਦੇ ਹੁੰਦੇ ਐ, ਉਹ ਵੀ ਕੋਈ ਲਾਉਂਦਾ ਨੀ; ਰੱਬ ਦੇ ਹੀ ਲਾਏ ਹੋਏ ਹੁੰਦੇ ਐ। ਉਲਟਾ ਸਾਡੇ ਪਿੰਡ ਦਾ ਘੋਗਾ ਅਸਾਨੀ ਤਾਂ ਆਵਦੇ ਕਬੂਤਰਾਂ ਦੇ ਖੰਭ ਕਤਰਦਾ ਹੁੰਦੈ।"

i) ਇਹ ਸ਼ਬਦ ਕਿਸਨੇ, ਕਿਸ ਨੂੰ ਅਤੇ ਕਿਉਂ ਕਹੇ ?

ii) ਇਹਨਾਂ ਵਾਕਾਂ ਵਿੱਚ 'ਖੰਭ' ਦਾ ਕੀ ਅਰਥ ਹੈ ?

iii) 'ਖੰਭ ਲਾਉਣੇ' ਤੇ 'ਖੰਭ ਕਤਰਨੇ' ਤੋਂ ਕੀ ਭਾਵ ਹੈ ?

iv) 'ਆਵਦੇ' ਸ਼ਬਦ ਕਿਸ ਭਾਸ਼ਾ ਦਾ ਹੈ ?

11) ਕੋਈ ਚਾਰ ਪ੍ਰਸ਼ਨ ਕਰੋ :- [1+1+1+1=4]

ੳ) 'ਦੁੱਧ ਦੀਆਂ ਨਹਿਰਾਂ' ਕਹਾਣੀ ਦਾ ਲੇਖਕ ਕੌਣ ਹੈ ?

ਅ) 'ਮੀਤ' ਕਿਸ ਕਹਾਣੀ ਦੀ ਪਾਤਰ ਹੈ ?

ੲ) ਇੰਦਰ ਦੇ ਘਰ ਦੀ ਹਾਲਤ ਕਿਹੋ ਜਿਹੀ ਸੀ ?

ਸ) ਨੰਦੂ ਕਿਹੜੇ ਇਲਾਕੇ ਦਾ ਰਹਿਣ ਵਾਲਾ ਦੀ ਅਤੇ ਉਹਦੀ ਮਾਂ-ਬੋਲੀ ਕਿਹੜੀ ਸੀ ?

ਹ) ਕੁੜੀਆਂ ਕੌਣ ਸਨ ਅਤੇ ਪਾਰਕ ਵਿੱਚ ਕੀ ਕਰ ਰਹੀਆਂ ਸਨ ?

12) ਕੋਈ ਦੋ ਪ੍ਰਸ਼ਨ ਕਰੋ :- [3+3=6]

ੳ) ਜ਼ੀਨਤ ਜਾਂ ਵੀਰਾਂ ਵਾਲੀ ਦੀ ਪਾਤਰ ਉਸਾਰੀ ਆਪਣੇ ਸ਼ਬਦਾਂ ਵਿੱਚ ਕਰੋ।

ਅ) 'ਮਹਾਤਮਾ' ਇਕਾਂਗੀ ਦੀ ਸਮੱਸਿਆ ਸੰਖੇਪ ਕਰਕੇ ਲਿਖੋ।

ੲ) ਸਾਧੂ ਬੇਬੇ ਰਾਮ ਭਜਨੀ ਤੋਂ ਕਿਹੜੀਆਂ-ਕਿਹੜੀਆਂ ਵਸਤਾਂ ਕੀ-ਕੀ ਕਹਿ ਕੇ ਦਾਨ ਵਿੱਚ ਲੈ ਜਾਂਦਾ ਹੈ ?

13) ਦੋ ਪ੍ਰਸ਼ਨਾਂ ਦੇ ਉੱਤਰ ਦਿਓ :- [2+2=4]

ੳ) ਪੁੱਤਰ ਜੇਲ੍ਹ ਨੂੰ ਯੂਨੀਵਰਸਿਟੀ ਕਿਉਂ ਕਹਿੰਦਾ ਹੈ ?

ਅ) ਸ਼ਰਨ ਸਿੰਘ ਮਦਾਨ ਦੀ ਕੀਮਤ ਵਧਾਉਣ-ਘਟਾਉਣ ਲਈ ਮਦਾਨ ਬਾਰੇ ਕੀ ਕੁਝ ਕਹਿੰਦਾ ਹੈ ?

ੲ) ਪ੍ਰਸੰਗ ਸਹਿਤ ਵਿਆਖਿਆ ਕਰੋ :-

ਜੀ ਤੋੜੇ ਵਾਲੀ ਬੰਦੂਕ ਤਾਂ ਘਰ ਘਰ ਐ । ਮਫ਼ਾ ਜੰਗ, ਗੁਪਤੀ, ਭਾਲਾ, ਨੇਜ਼ਾ, ਛਵ੍ਹੀ, ਕਿਹੜਾ ਹਥਿਆਰ ਐ ਜਿਹੜਾ ਨਹੀਂ ਘੜ ਲੈਂਦੇ । ਤੁਸੀਂ ਵਜ਼ੀਰੇ ਦਾ ਨਾਂ ਤਾਂ ਸੁਣਿਆ ਈ ਐ । ਇੱਥੇ ਮਿੱਤੂ ਲਹਾਰ ਦੇ ਮੁਹੱਲੇ ਵਿੱਚ ਕਿਤੇ ਰਹਿੰਦਾ ਐ । ਉਹ ਬੰਬ ਵੀ ਬਣਾਉਂਦੈ ।

14) ਗੁਰਮਤਿ ਕਾਵਿ-ਉੱਪਰ ਸੰਖੇਪ ਵਿੱਚ ਚਰਚਾ ਕਰੋ । [5]

(ਜਾਂ)

ਆਧੁਨਿਕ ਪੰਜਾਬੀ ਨਿੱਕੀ ਕਹਾਣੀ ਦੇ ਨਿਕਾਸ ਅਤੇ ਵਿਕਾਸ ਉੱਪਰ ਨੋਟ ਲਿਖੋ ।

❄❄❄

DO NOT WRITE ANYTHING HERE